ਦਫਤਰ ਡਾਇਰੈਕਟਰ ਰਾਜ ਵਿਦਿੱਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ
ਬਲਾਕ-ਈ ,ਛੇਵੀ ਮੰਜਿਲ,ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:ਫੇਜ-8,ਐਸ.ਏ.ਐਸ.ਨਗਰ

**ਮੀਮੋ ਨੰ: ਕੇ.ਡਬਲਿਯੂ 1/1-2016 (ਮੁਲਾਂਕਣ)**
**ਮਿਤੀ,ਐਸ.ਏ.ਐਸ.ਨਗਰ:**

# ਨੋਟਿਸ

ਲਰਨਿੰਗ ਆਊਟਕਮ ਸਿਸਟਮ ਰਾਹੀਂ 5ਵੀਂ ਅਤੇ 8ਵੀਂ ਜਮਾਤ ਦਾ ਸੈਸ਼ਨ 2017-18 ਦਾ ਗਜਟ ਇਸ ਵਾਰ epunjab portal ਤੇ ਤਿਆਰ ਕਰਨ ਲਈ ਸਾਫਟਵੇਅਰ ਤਿਆਰ ਕੀਤਾ ਜਾਵੇਗਾ। ਇਹ ਪੋਰਟਲ ਮਿਤੀ 19-3-2018 ਤੋਂ ਖੁੱਲ੍ਹਾ ਹੈ ਅਤੇ ਇਹ ਰਿਜ਼ਲਟ ਸਬੰਧੀ ਪੋਰਟਲ ਤੇ ਐਂਟਰੀਜ਼ ਮਿਤੀ 23-3-2018 ਤੱਕ ਹਰ ਹਾਲਤ ਵਿੱਚ ਭਰ ਲਈਆਂ ਜਾਣ।5ਵੀਂ ਜਮਾਤ ਲਈ ਪੋਰਟਲ ਉੱਤੇ ਅੰਕਾਂ ਦਾ ਇੰਦਰਾਜ ਬਲਾਕ ਪੱਧਰ ਤੇ ਕੀਤਾ ਜਾਵੇ ਅਤੇ 8ਵੀਂ ਜਮਾਤ ਲਈ ਪੋਰਟਲ ਉੱਤੇ ਅੰਕਾਂ ਦਾ ਇੰਦਰਾਜ ਸਕੂਲ ਪੱਧਰ ਤੇ ਹੀ ਕੀਤਾ ਜਾਵੇ।ਇਸ ਲਈ ਇਸ ਕੰਮ ਲਈ ਸਬੰਧਤ ਜ਼ਿਲ੍ਹੇ ਦੇ ਜ਼ਿਲ੍ਹਾ ਕੋਆਰਡੀਨੇਟਰ(ਐਮ.ਆਈ.ਐਸ.ਵਿੰਗ) ਤੋਂ ਸਹਾਇਤਾਂ ਲਈ ਜਾ ਸਕਦੀ ਹੈ। ਇਸ ਸੈਸ਼ਨ ਦੌਰਾਨ ਸਾਰੇ ਸਕੂਲ ਆਪਣੀ Log in ID. ਰਾਹੀਂ ਈ.ਪੰਜਾਬ ਪੋਰਟਲ ਉੱਤੇ ਸਬੰਧਤ ਵਿਸ਼ਿਆਂ ਦੇ ਅੰਕ ਸਾਫਟਵੇਅਰ ਵਿੱਚ ਦਿੱਤੇ ਫਾਰਮਟ ਅਨੁਸਾਰ ਦਰਜ ਕਰਨਗੇ ਅਤੇ ਸਾਫਟਵੇਅਰ ਆਪਣੇ ਆਪ ਰਿਜ਼ਲਟ ਤਿਆਰ ਕਰ ਦੇਵੇਗਾ। ਵਰਣਨਯੋਗ ਹੈ ਕਿ ਹਰ ਇੱਕ ਪੱਧਰ ਤੇ ਰਿਜ਼ਲਟ ਸਮੇਂ ਸਿਰ ਤਿਆਰ ਕਰਨ ਦੀ ਨਿੱਜੀ ਜ਼ਿੰਮੇਵਾਰੀ ਸਬੰਧਤ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫਸਰ (ਐਲੀ.ਸਿੱ./ਸੈ.ਸਿੱ) ਦੀ ਹੋਵੇਗੀ।

ਨੋਟ:- ਉਪਰੋਕਤ ਤੋਂ ਇਲਾਵਾ ਕਿਸੇ ਹੋਰ ਤਰੀਕੇ ਜਾਂ ਫਾਰਮਟ ਦੁਆਰਾ ਨਤੀਜਾ ਤਿਆਰ ਨਾ ਕੀਤਾ ਜਾਵੇ। ਸਬੰਧਤ ਰਿਜ਼ਲਟ ਦਾ ਕੋਈ ਵੀ ਪ੍ਰਿੰਟ ਨਾ ਕੱਢਿਆ ਜਾਵੇ ਅਤੇ ਨਾ ਹੀ ਕਿਸੇ ਕਿਸਮ ਦੀ ਐਕਸਲ ਜਾਂ ਐਮ.ਐਸ.ਵਰਡ ਦੀ ਸ਼ੀਟ ਤਿਆਰ ਕੀਤੀ ਜਾਵੇ ਕਿਉਂ ਜੋ ਸਾਰਾ ਕੰਮ ਆਨ ਲਾਈਨ ਹੀ ਕਰਨਾ ਹੈ।

2. ਰਿਜ਼ਲਟ ਫੀਡ ਕਰਨ ਲਈ ਪੋਰਟਲ ਮਿਤੀ 19-3-2018 ਤੋਂ ਖੁੱਲ੍ਹਾ ਹੈ।

3. ਉਪਰੋਕਤ ਅਨੁਸਾਰ ਸਬੰਧਤ ਸਕੂਲ ਮੁੱਖੀਆਂ ਨੂੰ ਸੂਚਿਤ ਕਰਨ ਦੀ ਜ਼ਿੰਮੇਵਾਰੀ ਉਸ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿੱ:) / ਐਲੀ.ਸਿੱ:) ਹੈ।

ਮੁਲਾਂਕਣ ਅਫਸਰ
16-3-18